-5-

ਨੰ: 6/33/2010-6ਪੀ.ਪੀ.3/1442

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.3 ਸ਼ਾਖਾ)

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰਜ਼,
ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ
ਉੱਪ ਮੰਡਲ ਮੈਜਿਸਟਰੇਟ, ਪੰਜਾਬ ।

ਮਿਤੀ, ਚੰਡੀਗੜ੍ਹ: 21/09/2011

ਵਿਸ਼ਾ: ਸਰਕਾਰੀ ਕਰਮਚਾਰੀਆਂ ਲਈ ਸਵੈ-ਰੋਜਗਾਰ ਦੇ ਉਦੇਸ਼ ਨਾਲ 5 ਸਾਲ ਦੀ ਵਿਸ਼ੇਸ਼ ਛੁੱਟੀ ਦਾ ਉਪਬੰਧ ਕਰਨ ਬਾਰੇ।

*******

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 6/21/2001-6ਪੀਪੀ3/5108, ਮਿਤੀ 8.5.2002 ਜਿਸ ਰਾਂਹੀ ਸਰਕਾਰੀ ਕਰਮਚਾਰੀਆਂ ਲਈ ਸਵੈ-ਰੋਜਗਾਰ ਦੇ ਉਦੇਸ਼ ਨਾਲ 5 ਸਾਲ ਦੀ ਵਿਸ਼ੇਸ਼ ਛੁੱਟੀ ਦਾ ਉਪਬੰਧ ਕੀਤਾ ਗਿਆ ਹੈ, ਵੱਲ ਦਿਵਾਉਂਦੇ ਹੋਏ ਮੈਨੂੰ ਇਹ ਸਪੱਸ਼ਟੀਕਰਨ ਜਾਰੀ ਕਰਨ ਦੀ ਹਦਾਇਤ ਹੋਈ ਹੈ ਕਿ ਇਸ ਸਕੀਮ ਤਹਿਤ ਜਿਹੜੇ ਕਰਮਚਾਰੀ/ਅਧਿਕਾਰੀ ਸਮਰੱਥ ਅਥਾਰਟੀ ਤੋਂ 5 ਸਾਲ ( ਘਟੋ ਘੱਟ 3 ਸਾਲ) ਦੀ ਇਹ ਵਿਸੇਸ਼ ਛੁੱਟੀ ਮਨਜ਼ੂਰ ਕਰਵਾ ਕੇ ਜਾਂਦਾ ਹੈ ਤਾਂ ਅਜਿਹੀ ਛੁੱਟੀ ਦੌਰਾਨ ਜੇਕਰ ਕਿਸੇ ਕਰਮਚਾਰੀ/ਅਧਿਕਾਰੀ ਦੀ ਪਦਉਨਤੀ ਦੀ ਵਾਰੀ ਆਉਂਦੀ ਹੈ, ਦੇ ਮਾਮਲੇ ਉਸੇ ਤਰ੍ਹਾ ਵਿਚਾਰੇ ਜਾਣ ਜਿਵੇਂ ਨਾਰਮਲ ਹਾਲਾਤਾਂ ਵਿੱਚ ਕੋਈ ਕਰਮਚਾਰੀ/ਅਧਿਕਾਰੀ ਕਮਾਈ ਛੁੱਟੀ ਜਾਂ ਬਿਨਾਂ ਤਨਖਾਹ ਛੁੱਟੀ ਤੇ ਜਾਂਦਾ ਹੈ, ਤੇ ਉਸ ਦੇ ਹਾਜਰ ਹੋਣ ਉਪਰੰਤ ਉਸ ਦੇ ਕੇਸਾਂ ਤੇ ਰੂਲਾਂ ਅਨੁਸਾਰ ਵਿਚਾਰ ਕੀਤਾ ਜਾਂਦਾ ਹੈ।

2. ਇਹ ਹਦਾਇਤਾਂ ਆਪਣੇ ਅਧੀਨ ਸਮੂਹ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

3. ਇਹ ਪਤੱਰ ਵਿੱਤ ਵਿਭਾਗ ਦੀ ਪ੍ਰਵਾਨਗੀ ਜੋ ਉਨ੍ਹਾਂ ਦੇ ਅੰ:ਵਿ:ਪੱ:ਨੰ:1/14/2001-3ਵਿਪ੍2/809 ਮਿਤੀ 18-8-2011 ਰਾਂਹੀ ਪ੍ਰਾਪਤ ਹੋਈ ਹੈ, ਉਪਰੰਤ ਜਾਰੀ ਕੀਤਾ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ .

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,
ਪੰਜਾਬ ।

ਅੰ.ਵਿ.ਪੱ.ਨੰ: 6/33/2010-6ਪੀ.ਪੀ.3/1443 ਮਿਤੀ, ਚੰਡੀਗੜ੍ਹ: 21/09/2011
ਪਿੱ.ਅੰ.ਨੰ: 6/33/2010-6ਪੀ.ਪੀ.3/1444 ਮਿਤੀ, ਚੰਡੀਗੜ੍ਹ: 21/09/2011

ਇਸ ਦਾ ਇਕ ਉਤਾਰਾ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਸਾਰੇ ਬੋਰਡਾਂ/ਕਾਰਪੋਰੇਸ਼ਨਾਂ ਆਦਿ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਵਿੱਤ ਵਿਭਾਗ, ਪੰਜਾਬ (ਵਿੱਤ ਪ੍ਰਸੋਨਲ-2 ਸਾਖਾ) ਨੂੰ ਉਨ੍ਹਾਂ ਦੇ ਅੰ.ਵਿ.ਪੱ.ਨੰ: 1/14/2001-3ਵਿਪ੍ਰ2/809 ਮਿਤੀ 18-8-2011 ਦੇ ਹਵਾਲੇ ਵਿੱਚ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,
ਵਿੱਤ ਵਿਭਾਗ, ਪੰਜਾਬ,
(ਵਿੱਤ ਪ੍ਰਸੋਨਲ-2 ਸ਼ਾਖਾ) ।

ਅੰ.ਵਿ.ਪੱ.ਨੰ: 6/33/2010-6ਪੀ.ਪੀ.3/1445 ਮਿਤੀ, ਚੰਡੀਗੜ੍ਹ: 21/09/2011